# ਨਿਊਜ਼ ਰੀਲੀਜ਼

Ontario

24 ਮਾਰਚ, 2021

# ਓਨਟੈਰੀਓ ਦੀ ਐਕਸ਼ਨ ਪਲਾਨ: ਲੋਕਾਂ ਦੀ ਸਿਹਤ ਅਤੇ ਸਾਡੀ ਅਰਥ ਵਿਵਸਥਾ ਦੀ ਰੱਖਿਆ ਕਰਨਾ

## 2021 Budget *ਸੂਬੇ ਦੀ ਕੋਵਿਡ-19 ਪ੍ਰਤਿਕਿਰਿਆ ਨੂੰ $51 ਬਿਲੀਅਨ ਤੱਕ ਲਿਆਉਂਦਾ ਹੈ*

ਟੋਰੋਂਟੋ - ਅੱਜ, ਵਿੱਤ ਮੰਤਰੀ ਅਤੇ ਟ੍ਰੇਜ਼ਰੀ ਬੋਰਡ ਦੇ ਪ੍ਰੇਜ਼ਿਡੇਨਟ Peter Bethlenfalvy ਨੇ *ਓਨਟੈਰੀਓ ਦੀ ਐਕਸ਼ਨ ਪਲਾਨ: ਲੋਕਾਂ ਦੀ ਸਿਹਤ ਅਤੇ ਸਾਡੀ ਅਰਥ ਵਿਵਸਥਾ ਦੀ ਰੱਖਿਆ ਕਰਨਾ* (Ontario's Action Plan:Protecting People's Health and Our Economy) ਰੀਲੀਜ਼ ਕੀਤੀ। *2021 Budget (2021 ਬਜਟ)* ਕੋਵਿਡ-19 ਪ੍ਰਤੀ ਓਨਟੈਰੀਓ ਦੀ ਪ੍ਰਤੀਕਿਰਿਆ ਦਾ ਅਗਲਾ ਫੇਜ਼ ਹੈ ਅਤੇ ਦੂਸਰਾ ਬਜਟ ਹੈ ਜਿਹੜਾ ਸਰਕਾਰ ਨੇ ਮਹਾਮਾਰੀ ਦੇ ਦੌਰਾਨ ਡਲਿਵਰ ਕੀਤਾ ਹੈ।

Minister Bethlenfalvy ਨੇ ਕਿਹਾ, "ਤੁਹਾਡੇ ਕੋਲ ਸਿਹਤਮੰਦ ਲੋਕਾਂ ਤੋਂ ਬਿਨਾਂ ਸਿਹਤਮੰਦ ਅਰਥ ਵਿਵਸਥਾ ਨਹੀਂ ਹੋ ਸਕਦੀ।" "ਪਿਛਲੇ ਇੱਕ ਸਾਲ ਲਈ, ਸਾਡਾ ਧਿਆਨ ਲੋਕਾਂ ਨੂੰ ਕੋਵਿਡ-19 ਤੋਂ ਬਚਾਉਣ ਤੇ ਕੇਂਦਰਿਤ ਰਿਹਾ ਹੈ। ਅੱਗੇ ਅਨੇਕ ਚੁਣੌਤੀਆਂ ਹਨ। ਪਰ ਸੂਬੇ ਦੇ ਹਰੇਕ ਕੋਨੇ ਵਿੱਚ ਵੈਕਸੀਨਾਂ ਵੰਡੇ ਜਾਣ ਦੇ ਨਾਲ, ਉਮੀਦ ਦਿਖਾਈ ਦੇ ਰਹੀ ਹੈ। ਅਸੀਂ ਉਹ ਕੰਮ ਖਤਮ ਕਰਨ ਲਈ ਤਿਆਰ ਹਾਂ ਜਿਹੜਾ ਅਸੀਂ ਇੱਕ ਸਾਲ ਪਹਿਲਾਂ ਸ਼ੁਰੂ ਕੀਤਾ ਸੀ।"

*2021 Budget* ਲੋਕਾਂ ਦੀ ਸਿਹਤ ਦੀ ਰੱਖਿਆ ਕਰਨ ਲਈ ਕੁਲ ਨਿਵੇਸ਼ਾਂ ਨੂੰ $16.3 ਬਿਲੀਅਨ ਤੱਕ ਅਤੇ ਸਾਡੀ ਅਰਥ ਵਿਵਸਥਾ ਦੀ ਰੱਖਿਆ ਕਰਨ ਲਈ $23.3 ਬਿਲੀਅਨ ਤੱਕ ਲਿਆਉਂਦੇ ਹੋਏ ਵਿਸ਼ਵ ਵਿਆਪੀ ਮਹਾਮਾਰੀ ਪ੍ਰਤੀ ਪ੍ਰਤੀਕਿਰਿਆ ਵਜੋਂ ਸਰਕਾਰ ਦੇ ਰਿਕਾਰਡ ਨਿਵੇਸ਼ਾਂ ਨੂੰ ਹੋਰ ਅਗੇ ਵਧਾਉਂਦਾ ਹੈ। ਓਨਟੈਰੀਓ ਦੀ ਕੋਵਿਡ-19 ਐਕਸਨ ਪਲਾਨ ਸਹਾਇਤਾ ਦੀ ਕੁਲ ਰਕਮ ਹੁਣ $51 ਬਿਲੀਅਨ ਹੈ।

"ਆਖਰਕਾਰ ਮਹਾਮਾਰੀ ਸਾਡੇ ਪਿੱਛੇ ਰਹਿ ਜਾਵੇਗੀ। ਇਹ ਕੁਝ ਮਹੀਨੇ ਦੂਰ ਹੈ, ਕੁਝ ਸਾਲ ਨਹੀਂ," Minister Bethlenfalvy ਨੇ ਕਿਹਾ। "ਅਸੀਂ Team Ontario (ਟੀਮ ਓਨਟੈਰੀਓ) ਦੀ ਮਿਹਨਤ ਅਤੇ ਕੁਰਬਾਨੀ ਰਾਹੀਂ ਉਸ ਦਿਨ ਤੱਕ ਪਹੁੰਚਾਂਗੇ। ਸਾਡੀ ਸਰਕਾਰ ਲੋਕਾਂ ਦੀ ਸਿਹਤ ਅਤੇ ਨੌਕਰੀਆਂ ਦੀ ਰੱਖਿਆ ਕਰਨ ਪ੍ਰਤੀ ਸਾਡੀ ਵਚਨਬੱਧਤਾ ਨੂੰ ਪੂਰਾ ਕਰਨ ਲਈ ਰਸਤੇ ਦੇ ਹਰੇਕ ਕਦਮ ਤੇ ਨਾਲ ਹੋਵੇਗੀ। ਜਦੋਂ ਅੰਤ ਵਿੱਚ ਇਹ ਅਧਿਆਇ ਬੰਦ ਹੋ ਜਾਂਦਾ ਹੈ, ਤਾਂ ਮੈਨੂੰ ਵਿਸ਼ਵਾਸ ਹੈ ਕਿ ਓਨਟੈਰੀਓ ਦੇ ਲੋਕ ਉਸ ਆਰਥਿਕ ਵਾਧੇ ਦੀ ਸ਼ੁਰੂਆਤ ਕਰ ਦੇਣਗੇ ਜੋ ਨੌਕਰੀਆਂ ਸਿਰਜਣ, ਖੁਸ਼ਹਾਲੀ ਅਤੇ ਵੱਧ ਮਜ਼ਬੂਤ ਸੂਬੇ ਲਈ ਆਵੱਸ਼ਕ ਹੈ।"

**ਲੋਕਾਂ ਦੀ ਸਿਹਤ ਦੀ ਰੱਖਿਆ ਕਰਨਾ** (Protecting People's Health) *2021 Budget* ਦਾ ਪਹਿਲਾ ਥੰਮ੍ਹ ਹੈ। ਇਸ ਵਿੱਚ ਕੋਵਿਡ-19 ਨੂੰ ਹਰਾਉਣ, ਲੌਂਗ-ਟਰਮ ਕੇਅਰ ਨੂੰ ਠੀਕ ਕਰਨ ਅਤੇ ਲੋਕਾ ਦੀ ਦੇਖਭਾਲ ਕਰਨ ਲਈ ਉਪਾਅ ਸ਼ਾਮਲ ਹਨ।

Minister Bethlenfalvy ਨੇ ਕਿਹਾ, "ਵੈਕਸੀਨਾਂ ਉਮੀਦ ਦੀ ਕਿਰਨ ਹਨ, ਅਤੇ ਵੈਕਸੀਨਾਂ ਦੇ ਸੂਬੇ ਵਿੱਚ ਪਹੁੰਚਦੇ ਹੀ ਉਨ੍ਹਾਂ ਨੂੰ ਬਾਹਵਾਂ ਵਿੱਚ ਪਹੁੰਚਾਉਣ ਲਈ ਤਿਆਰੀਆਂ ਹੋ ਚੁੱਕੀਆਂ ਹਨ।" "ਅਸੀਂ ਅੱਜ ਅਤੇ ਲੰਬੇ ਸਮੇਂ ਲਈ ਸਾਡੀ ਸਿਹਤ ਸੰਭਾਲ ਪ੍ਰਣਾਲੀ ਵਿੱਚ ਨਿਵੇਸ਼ ਕਰਨਾ ਜਾਰੀ ਰੱਖਾਂਗੇ, ਮਹਾਮਾਰੀ ਦੀ ਸ਼ੁਰੂਆਤ ਤੋਂ ਹੋਰ ਹਸਪਤਾਲ ਬੈੱਡ ਤਿਆਰ ਕਰਨ, ਹਸਪਤਾਲਾਂ ਦਾ ਨਿਰਮਾਣ ਅਤੇ ਉਨ੍ਹਾਂ ਵਿੱਚ ਸੁਧਾਰ ਕਰਨ, ਟੈਸਟਿੰਗ ਵਧਾਉਣ, ਅਤੇ ਲੌਂਗ-ਟਰਮ ਕੇਅਰ ਨੂੰ ਠੀਕ ਲਈ ਸਾਡੇ ਰਿਕਾਰਡ ਨਿਵੇਸ਼ ਤੇ ਅਗੇ ਕੰਮ ਕਰਦੇ ਹੋਏ।"

**ਕੋਵਿਡ**-19 **ਨੂੰ ਹਰਾਉਣ** ਲਈ ਓਨਟੈਰੀਓ ਦੀ ਪਲਾਨ ਦੇ ਮੁੱਖ ਤੱਥ:

- ਸੂਬੇ ਵਿੱਚ ਅਜਿਹੇ ਹਰੇਕ ਵਿਅਕਤੀ ਨੂੰ ਵੈਕਸੀਨ ਲਗਾਉਣ ਲਈ ਜੋ ਵੈਕਸੀਨ ਲਗਵਾਉਣਾ ਚਾਹੁੰਦਾ ਹੈ, ਓਨਟੈਰੀਓ ਨੇ ਸਾਰੇ ਸੂਬੇ ਵਿੱਚ ਟੀਕਾਕਰਣ ਯੋਜਨਾ ਲਈ $1 ਬਿਲੀਅਨ ਤੋਂ ਵੱਧ ਉਪਲਬਧ ਕਰਵਾਏ ਹਨ। ਓਨਟੈਰੀਓ ਟੈਸਟਿੰਗ ਅਤੇ ਕੌਨਟੈਕਟ ਟ੍ਰੇਸਿੰਗ ਲਈ $2.3 ਬਿਲੀਅਨ ਦੇ ਨਾਲ ਕੰਮ ਦੇ ਸਥਾਨਾਂ, ਕਾਰੋਬਾਰਾਂ ਅਤੇ ਭਾਈਚਾਰਿਆਂ ਦੇ ਨਾਲ ਦੁਬਾਰਾ ਸ਼ਮੂਲੀਅਤ ਨੂੰ ਵੱਧ ਸੁਰੱਖਿਅਤ ਵੀ ਬਣਾ ਰਿਹਾ ਹੈ।

- ਫਰੰਟਲਾਈਨ ਵੀਰਾਂ ਅਤੇ ਕਮਜ਼ੋਰ ਲੋਕਾਂ ਦੀ ਰੱਖਿਆ ਕਰਨ ਲਈ, ਓਨਟੈਰੀਓ ਨੇ 315 ਮਿਲੀਅਨ ਮਾਸਕਾਂ ਅਤੇ 1.2 ਬਿਲੀਅਨ ਤੋਂ ਵੱਧ ਦਸਤਾਨਿਆਂ ਸਮੇਤ ਨਿੱਜੀ ਰੱਖਿਅਕ ਸਮਾਨ (personal protective equipment) ਲਈ $1.4 ਮਿਲੀਅਨ ਉਪਲਬਧ ਕੀਤੇ ਹਨ।
- ਇਹ ਯਕੀਨੀ ਬਣਾਉਣ ਲਈ ਕਿ ਹਸਪਤਾਲ ਵਿੱਚ ਦੇਖਭਾਲ ਦੀ ਲੋੜ ਵਾਲਾ ਹਰੇਕ ਵਿਅਕਤੀ ਬੈੱਡ ਤੱਕ ਪਹੁੰਚ ਪ੍ਰਾਪਤ ਕਰ ਸਕਦਾ ਹੈ, ਮਹਾਮਾਰੀ ਦੌਰਾਨ ਸਭ ਤੋਂ ਬਦਤਰ ਸਮੇਂ ਤੇ ਵੀ, ਸਰਕਾਰ ਮਹਾਮਾਰੀ ਦੀ ਸ਼ੁਰੂਆਤ ਤੋਂ ਬਾਅਦ ਹਸਪਤਾਲਾਂ ਦੀ ਸਹਾਇਤਾ ਕਰਨ ਲਈ $5.1 ਬਿਲੀਅਨ ਦਾ ਵਾਧੂ ਨਿਵੇਸ਼ ਕਰ ਰਹੀ ਹੈ, 3,100 ਤੋਂ ਵੱਧ ਵਾਧੂ ਹਸਪਤਾਲ ਬੈੱਡ ਤਿਆਰ ਕਰਦੇ ਹੋਏ। ਇਸ ਵਿੱਚ ਕੋਵਿਡ-19 ਮਰੀਜ਼ਾਂ ਲਈ ਦੇਖਭਾਲ ਮੁਹੱਈਆ ਕਰਨਾ ਜਾਰੀ ਰੱਖਣ, ਸਰਜੀਕਲ ਬੈਕਲਾਗਾਂ ਨੂੰ ਸੰਬੋਧਿਤ ਕਰਨ ਅਤੇ ਮਰੀਜ਼ਾਂ ਦੀਆਂ ਲੋੜਾਂ ਦੇ ਨਾਲ ਚੱਲਣ ਲਈ 2021-22 ਵਿੱਚ $1.8 ਬਿਲੀਅਨ ਸ਼ਾਮਲ ਹਨ।

**ਲੌਂਗਟਰਮ ਕੇਅਰ ਨੂੰ ਠੀਕ ਕਰਨ** ਲਈ ਓਨਟੈਰੀਓ ਦੀ ਪਲਾਨ ਦੇ ਮੁੱਖ ਤੱਥ:

- ਦਹਾਕਿਆਂ ਦੀ ਅਣਗਹਿਲੀ ਨੂੰ ਸੰਬੋਧਿਤ ਕਰਨ ਅਤੇ ਲੌਂਗ-ਟਰਮ ਕੇਅਰ ਵਿੱਚ ਪ੍ਰਵੇਸ਼ ਕਰਨ ਲਈ ਉਡੀਕ ਕਰ ਰਹੇ ਲੋਕਾਂ ਦੀ ਸਹਾਇਤਾ ਕਰਨ ਲਈ, ਓਨਟੈਰੀਓ 30,000 ਨਵੇਂ ਲੌਂਗ-ਟਰਮ ਕੇਅਰ ਬੈੱਡਾਂ ਦੇ ਨਿਰਮਾਣ ਦੀ ਸਹਾਇਤਾ ਕਰਨ ਲਈ, ਕੁੱਲ $2.6 ਬਿਲੀਅਨ ਲਈ, ਚਾਰ ਸਾਲਾਂ ਦੌਰਾਨ $933 ਮਿਲੀਅਨ ਦਾ ਵਾਧੂ ਨਿਵੇਸ਼ ਕਰ ਰਿਹਾ ਹੈ। ਓਨਟੈਰੀਓ ਮੌਜੂਦਾ ਹੋਮਾਂ ਵਿੱਚ ਰਹਿਣ ਦੇ ਹਾਲਾਤਾਂ ਨੂੰ ਸੁਧਾਰਨ, ਜਿਸ ਵਿੱਚ ਇਹ ਯਕੀਨੀ ਬਣਾਉਣਾ ਸ਼ਾਮਲ ਹੈ ਕਿ ਹੋਮਾਂ ਵਿੱਚ ਨਿਵਾਸੀਆਂ ਲਈ ਏਅਰ ਕੰਡੀਸ਼ਨਿੰਗ ਹੈ ਤਾਂ ਕਿ ਅਜ਼ੀਜ਼ ਆਰਾਮ ਦੇ ਨਾਲ ਅਤੇ ਸੁਰੱਖਿਆ, ਇੱਜ਼ਤ ਅਤੇ ਆਦਰ ਦੇ ਨਾਲ ਰਹਿ ਸਕਦੇ ਹਨ, ਲਈ ਵੀ ਅਗਲੇ ਚਾਰ ਸਾਲਾਂ ਵਿੱਚ $246 ਮਿਲੀਅਨ ਦਾ ਨਿਵੇਸ਼ ਕਰ ਰਿਹਾ ਹੈ।

- ਲੋਂਗ-ਟਰਮ ਕੇਅਰ ਵਿਚਲੇ ਅਜ਼ੀਜ਼ਾਂ ਦੀ ਘਾਤਕ ਕੋਵਿਡ-19 ਵਾਇਰਸ ਤੋਂ ਰੱਖਿਆ ਕਰਨ ਲਈ, ਓਨਟੈਰੀਓ 2021-22 ਵਿੱਚ ਵਾਧੂ $650 ਮਿਲੀਅਨ ਦਾ ਨਿਵੇਸ਼ ਕਰ ਰਿਹਾ ਹੈ, ਮਹਾਮਾਰੀ ਦੀ ਸ਼ੁਰੂਆਤ ਤੋਂ ਸਭ ਤੋਂ ਕਮਜ਼ੋਰ ਲੋਕਾਂ ਦੀ ਰੱਖਿਆ ਕਰਨ ਲਈ ਨਿਵੇਸ਼ ਕੀਤੇ ਗਏ ਕੁਲ ਸਾਧਨਾਂ ਨੂੰ $2 ਬਿਲੀਅਨ ਤੋਂ ਵੱਧ ਤੱਕ ਲਿਆਉਂਦੇ ਹੋਏ।
- ਇਹ ਯਕੀਨੀ ਬਣਾਉਣ ਲਈ ਕਿ ਅਜ਼ੀਜ਼ ਕੈਨੇਡਾ ਵਿੱਚ ਸਰਬੋਤਮ ਗੁਣਵਤਾ ਵਾਲੀ ਦੇਖਭਾਲ ਪ੍ਰਾਪਤ ਕਰਦੇ ਹਨ, ਓਨਟੈਰੀਓ ਲੋਂਗ-ਟਰਮ ਕੇਅਰ ਵਿੱਚ ਔਸਤ ਸਿੱਧੀ ਰੋਜ਼ਾਨਾ ਦੇਖਭਾਲ ਨੂੰ ਚਾਰ ਘੰਟੇ ਪ੍ਰਤੀ ਦਿਨ ਤੱਕ ਵਧਾਉਣ ਲਈ ਅਤੇ ਪਰਸਨਲ ਸਪੋਰਟ ਵਰਕਰਾਂ (personal support workers-PSWs) ਅਤੇ ਨਰਸਾਂ ਸਮੇਤ 27,000 ਤੋਂ ਵੱਧ ਨਵੇਂ ਅਹੁਦਿਆਂ ਨੂੰ ਭਰਤੀ ਕਰਨ ਲਈ ਚਾਰ ਸਾਲਾਂ ਦੌਰਾਨ $4.9 ਬਿਲੀਅਨ ਦਾ ਨਿਵੇਸ਼ ਕਰ ਰਿਹਾ ਹੈ।

**ਲੋਕਾਂ ਦੀ ਦੇਖਭਾਲ ਕਰਨ** ਲਈ ਓਨਟੈਰੀਓ ਦੀ ਪਲਾਨ ਦੇ ਮੁੱਖ ਤੱਥ:

- ਹੋਰ ਸਿਹਤ ਦੇਖਭਾਲ ਸੇਵਾਵਾਂ ਲਈ ਲੋੜ ਨੂੰ ਸੰਬੋਧਿਤ ਕਰਨ ਲਈ, ਓਨਟੈਰੀਓ, William Osler Health System's Peel Memorial ਵਿਖੇ ਇੱਕ ਨਵੇਂ ਇਨਪੇਸ਼ੈਂਟ ਵਿੰਗ, ਅਤੇ Windsor-Essex ਵਿੱਚ ਇੱਕ ਨਵੇਂ ਖੇਤਰੀ ਹਸਪਤਾਲ ਲਈ ਨਿਰੰਤਰ ਯੋਜਨਾਬੰਦੀ ਸਮੇਤ, ਹਸਪਤਾਲਾਂ ਦੇ ਇਤਿਹਾਸਿਕ ਵਿਸਤਾਰ ਅਤੇ ਉਸਾਰੀ ਪ੍ਰਾਜੈਕਟਾਂ ਦਾ ਸਮਰਥਨ ਕਰਨ ਲਈ ਨਿਵੇਸ਼ ਕਰ ਰਿਹਾ ਹੈ।
- ਮਾਨਸਿਕ ਸਿਹਤ ਅਤੇ ਲੱਤਾਂ ਸੰਬੰਧੀ ਸਮੱਸਿਆਵਾਂ ਦੇ ਨਾਲ ਸੰਘਰਸ਼ ਕਰ ਰਹੇ ਹਜ਼ਾਰਾਂ ਲੋਕਾਂ ਦੀ ਸਹਾਇਤਾ ਕਰਨ ਲਈ, ਓਨਟੈਰੀਓ ਉਸਦੀ ਲੋੜ ਵਾਲੇ ਹਰੇਕ ਵਿਅਕਤੀ ਨੂੰ ਹੋਰ ਅਤੇ ਬਿਹਤਰ ਦੇਖਭਾਲ ਮੁਹੱਈਆ ਕਰਨ ਲਈ, 10 ਸਾਲਾਂ ਦੌਰਾਨ $3.8-ਬਿਲੀਅਨ ਦੇ ਇਤਿਹਾਸਿਕ ਨਿਵੇਸ਼ ਦੇ ਹਿੱਸੇ ਵਜੋਂ 2021-22 ਵਿੱਚ $175 ਮਿਲੀਅਨ ਦੀ ਵਾਧੂ ਫੰਡਿੰਗ ਮੁਹੱਈਆ ਕਰ ਰਿਹਾ ਹੈ।

[ਲੋਕਾਂ ਦੀ ਸਿਹਤ ਦੀ ਰੱਖਿਆ ਕਰਨ ਲਈ ਓਨਟੈਰੀਓ ਦੀ ਪਲਾਨ ਬਾਰੇ ਹੋਰ ਜਾਣੋ।]

**ਸਾਡੀ ਅਰਥ ਵਿਵਸਥਾ ਨੂੰ ਬਚਾਉਣਾ** (Protecting Our Economy) *2021 Budget* ਦਾ ਦੂਸਰਾ ਥੰਮ੍ਹ ਹੈ। ਇਹ ਪਰਿਵਾਰਾਂ, ਕਾਮਿਆਂ ਅਤੇ ਰੋਜ਼ਗਾਰਦਾਤਾਵਾਂ ਦੀ ਸਹਾਇਤਾ ਕਰਨ ਲਈ ਓਨਟੈਰੀਓ ਦੀ ਪਲਾਨ ਦੀ ਰੂਪ ਰੇਖਾ ਦਿੰਦਾ ਹੈ।

Minister Bethlenfalvy ਨੇ ਕਿਹਾ, "ਸਿਹਤ ਸੰਬੰਧੀ ਜ਼ਰੂਰੀ ਉਪਾਅ ਕਾਮਿਆਂ, ਪਰਿਵਾਰਾਂ ਅਤੇ ਕਾਰੋਬਾਰ ਮਾਲਕਾਂ ਦੇ ਲਈ ਲਾਗਤ ਦੇ ਨਾਲ ਆਏ ਹਨ, ਪਰ ਇਸ ਵਿੱਚ ਕੋਈ ਪ੍ਰਸ਼ਨ ਨਹੀਂ ਹੈ ਕਿ ਉਨ੍ਹਾਂ ਨੇ ਜਾਨਾਂ ਬਚਾਈਆਂ ਹਨ।" "ਅਸੀਂ ਦਿੱਤੀਆਂ ਗਈਆਂ ਕੁਰਬਾਨੀਆਂ ਨੂੰ ਸਿਆਣਦੇ ਹਾਂ। ਅਸੀਂ ਉਨ੍ਹਾਂ ਲੋਕਾਂ ਲਈ ਵਾਧੂ ਰਾਹਤ ਅਤੇ ਸਹਾਇਤਾ ਮੁਹੱਈਆ ਕਰਨ ਲਈ ਹੋਰ ਕਦਮ ਚੁੱਕ ਰਹੇ ਹਾਂ ਜਿਹੜੇ ਮਹਾਮਾਰੀ ਦੁਆਰਾ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ, ਜਿੰਨ੍ਹਾਂ ਵਿੱਚ ਮਾਤਾ-ਪਿਤਾ ਦੇ ਲਈ ਸਿੱਧੇ ਭੁਗਤਾਨਾਂ ਦਾ ਤੀਸਰਾ ਦੌਰ ਮੁਹੱਈਆ ਕਰਨਾ, Ontario Small Business Support Grant (ਓਨਟੈਰੀਓ ਸਮੌਲ ਬਿਜ਼ਨਸ ਸਪੋਰਟ ਗ੍ਰਾਂਟ) ਨੂੰ ਦੁੱਗਣਾ ਕਰਨਾ ਅਤੇ ਕਾਮਿਆਂ ਨੂੰ ਉਨ੍ਹਾਂ ਦੇ ਸਿਖਲਾਈ ਸੰਬੰਧੀ ਖਰਚਿਆਂ ਦੇ ਨਾਲ ਸਹਾਇਤਾ ਕਰਨਾ ਸ਼ਾਮਲ ਹਨ।

**ਕਾਮਿਆਂ ਅਤੇ ਪਰਿਵਾਰਾਂ ਦੀ ਸਹਾਇਤਾ ਕਰਨ** ਲਈ ਓਨਟੈਰੀਓ ਦੀ ਪਲਾਨ ਦੇ ਮੁੱਖ ਤੱਥ:

- ਕਾਮਿਆਂ ਨੂੰ ਉਨ੍ਹਾਂ ਦੇ ਸਿਖਲਾਈ ਸੰਬੰਧੀ ਖਰਚਿਆਂ ਦੇ ਨਾਲ ਸਹਾਇਤਾ ਕਰਨ ਲਈ, ਸਰਕਾਰ 2021 ਲਈ ਨਵੇਂ Ontario Jobs Training Tax Credit (ਓਨਟੈਰੀਓ ਜੌਬਜ਼ ਟ੍ਰੇਨਿੰਗ ਟੈਕਸ ਕ੍ਰੈਡਿਟ) ਦਾ ਪ੍ਰਸਤਾਵ ਕਰ ਰਹੀ ਹੈ। ਉਹ 2021 ਵਿੱਚ ਲਗਭਗ 230,000 ਲੋਕਾਂ ਨੂੰ ਸਹਾਇਤਾ ਵਿੱਚ ਅਨੁਮਾਨਿਤ $260 ਮਿਲੀਅਨ ਦੇ ਯੋਗ ਲਈ, ਯੋਗ ਖਰਚਿਆਂ ਦੇ 50 ਪ੍ਰਤੀਸ਼ਤ ਵਾਸਤੇ ਪ੍ਰਤੀ ਪ੍ਰਾਪਤ ਕਰਨ ਵਾਲੇ ਨੂੰ $2,000 ਤੱਕ ਮੁਹੱਈਆ ਕਰੇਗਾ।
- ਅਜਿਹੇ ਪਰਿਵਾਰਾਂ - ਜਿੰਨ੍ਹਾਂ ਨੇ ਮਹਾਮਾਰੀ ਕਰਕੇ ਨਵੇਂ ਦਬਾਆਂ ਅਤੇ ਖਰਚਿਆਂ ਦਾ ਸਾਮ੍ਹਣਾ ਕੀਤਾ ਹੈ - ਦੀ ਉਨ੍ਹਾਂ ਦੀਆਂ ਜੇਬਾਂ ਵਿੱਚ ਹੋਰ ਧਨ ਰੱਖਣ ਵਿੱਚ ਸਹਾਇਤਾ ਕਰਨ ਲਈ, ਸਰਕਾਰ ਮਾਤਾ-ਪਿਤਾ ਦੀ ਸਹਾਇਤਾ ਕਰਨ ਲਈ Ontario COVID-19 Child Benefit (ਓਨਟੈਰੀਓ ਕੋਵਿਡ-19 ਚਾਇਲਡ ਬੈਨੇਫਿਟ) ਰਾਹੀਂ ਭੁਗਤਾਨਾਂ ਦਾ ਤੀਸਰਾ ਦੌਰ ਮੁਹਈਆ ਕਰ ਰਹੀ ਹੈ, ਜਿਸਦਾ ਯੋਗ ਪਿਛਲੀ ਮਾਰਚ ਤੋਂ $1.8 ਬਿਲੀਅਨ ਹੈ। ਭੁਗਤਾਨ ਨੂੰ ਇਸ ਦੌਰ ਲਈ ਪ੍ਰਤੀ ਬੱਚੇ ਲਈ $400 ਤੱਕ ਅਤੇ ਖਾਸ ਲੋੜਾਂ ਵਾਲੇ ਪ੍ਰਤੀ ਬੱਚੇ ਲਈ $500 ਤੱਕ ਦੁੱਗਣਾ ਕੀਤਾ ਜਾਵੇਗਾ, ਜਿਸਦਾ ਮਤਲਬ ਹੈ ਕਿ ਤਿੰਨ ਛੋਟੇ ਬੱਚਿਆਂ, ਜਿੰਨ੍ਹਾ ਵਿੱਚੋਂ ਇੱਕ ਦੀਆਂ ਖਾਸ ਲੋੜਾਂ ਹਨ, ਵਾਲਾ ਪਰਿਵਾਰ ਤੀਸਰੇ ਦੌਰ ਦੇ ਭੁਗਤਾਨਾਂ ਤੋਂ ਬਾਅਦ ਕੁੱਲ $2,600 ਪ੍ਰਾਪਤ ਕਰੇਗਾ।
- ਚਾਇਲਡ ਕੇਅਰ ਦੀ ਲਾਗਤ ਦੇ ਨਾਲ ਮਾਤਾ-ਪਿਤਾ ਦੀ ਸਹਾਇਤਾ ਕਰਨ ਲਈ ਅਤੇ ਉਨ੍ਹਾਂ ਨੂੰ ਕਾਰਜਬਲ ਵਿੱਚ ਵਾਪਸ ਸ਼ਾਮਲ ਹੋਣ ਵਿੱਚ ਸਹਾਇਤਾ ਕਰਨ ਲਈ, ਸਰਕਾਰ 2021 ਦੇ ਲਈ CARE tax credit (ਕੇਅਰ ਟੈਕਸ ਕ੍ਰੈਡਿਟ) ਵਿੱਚ 20 ਪ੍ਰਤੀਸ਼ਤ ਦੇ ਵਾਧੇ ਦਾ ਪ੍ਰਸਤਾਵ ਕਰ ਰਹੀ ਹੈ। ਇਹ ਇਸ ਸਹਾਇਤਾ ਨੂੰ ਔਸਤਨ $1,250 ਤੋਂ $1,500 ਤੱਕ ਵਧਾਏਗੀ, 300,000 ਤੋਂ ਵੱਧ ਪਰਿਵਾਰਾਂ ਦੇ ਚਾਇਲਡ ਕੇਅਰ ਦੇ ਖਰਚਿਆਂ ਲਈ ਵਾਧੂ ਸਹਾਇਤਾ ਵਿੱਚ ਲਗਭਗ $75 ਮਿਲੀਅਨ ਮੁਹੱਈਆ ਕਰਦੇ ਹੋਏ।

**ਨੌਕਰੀਆਂ ਦਾ ਸਮਰਥਨ ਕਰਨ** ਲਈ ਓਨਟੈਰੀਓ ਦੀ ਪਲਾਨ ਦੇ ਮੁੱਖ ਤੱਥ:

- ਉਨ੍ਹਾਂ ਛੋਟੇ ਕਾਰੋਬਾਰਾਂ, ਜਿਹੜੇ ਕੋਵਿਡ-19 ਤੋਂ ਲੋਕਾਂ ਦੀ ਰੱਖਿਆ ਕਰਨ ਲਈ ਜ਼ਰੂਰੀ ਪਾਬੰਦੀਆਂ ਦੁਆਰਾ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ, ਦੀ ਸਹਾਇਤਾ ਕਰਨ ਲਈ, ਓਨਟੈਰੀਓ ਯੋਗ ਪ੍ਰਾਪਤਕਰਤਾਵਾਂ ਨੂੰ Ontario Small Business Support Grant ਭੁਗਤਾਨਾਂ ਦਾ ਦੂਸਰੇ ਦੌਰ ਮੁਹੱਈਆ ਕਰ ਰਹੀ ਹੈ। ਲਗਭਗ 120,000 ਛੋਟੇ ਕਾਰੋਬਾਰ ਘੱਟੋ ਘੱਟ $10,000 ਅਤੇ ਵੱਧ ਤੋਂ ਵੱਧ $20,000 ਤੱਕ ਦੀਆਂ ਗ੍ਰਾਂਟਾਂ ਦੇ ਰੂਪ ਵਿੱਚ ਸਹਾਇਤਾ ਦੇ ਇਸ ਦੂਸਰੇ ਦੌਰ ਦੇ ਰਾਹੀਂ ਰਾਹਤ ਵਿੱਚ ਵਾਧੂ $1.7 ਬਿਲੀਅਨ ਤੋਂ ਆਪਣੇ ਆਪ ਹੀ ਲਾਭ ਪ੍ਰਾਪਤ ਕਰਨਗੇ - ਇਸ ਗ੍ਰਾਂਟ ਰਾਹੀਂ ਮੁਹੱਈਆ ਕੀਤੀ ਗਈ ਸਹਾਇਤਾ ਦੇ ਅਨੁਮਾਨਿਤ ਯੋਗ ਨੂੰ $3.4 ਬਿਲੀਅਨ ਤੱਕ ਲਿਆਉਂਦੇ ਹੋਏ।
- ਓਨਟੈਰੀਓ ਦੇ ਟੂਰੀਜ਼ਮ, ਪਰਾਹੁਣਚਾਰੀ ਅਤੇ ਸਭਿਆਚਾਰਕ ਉਦਯੋਗ, ਜਿਹੜੇ ਕੋਵਿਡ-19 ਮਹਾਮਾਰੀ ਦੁਆਰਾ ਸਭ ਤੋਂ ਭਾਰੀ ਢੰਗ ਨਾਲ ਪ੍ਰਭਾਵਿਤ ਹੋਏ ਉਦਯੋਗਾਂ ਵਿੱਚੋਂ ਰਹੇ ਹਨ, ਦੀ ਸਹਾਇਤਾ ਕਰਨ ਲਈ, ਓਨਟੈਰੀਓ ਇਨ੍ਹਾਂ ਸੈਕਟਰਾਂ ਦੀ ਸਹਾਇਤਾ ਕਰਨ ਲਈ ਨਵੀਆਂ ਪਹਿਲਾਂ ਵਿੱਚ ਅਗਲੇ ਤਿੰਨ ਸਾਲਾਂ ਵਿੱਚ ਵਾਧੂ $400 ਮਿਲੀਅਨ ਦਾ ਨਿਵੇਸ਼ ਕਰ ਰਿਹਾ ਹੈ। ਇਹ ਮਹਾਮਾਰੀ ਦੀ ਸ਼ੁਰੂਆਤ ਤੋਂ ਯੋਗ ਨੂੰ $625 ਮਿਲੀਅਨ ਤੋਂ ਵੱਧ ਤੱਕ ਲਿਆਉਂਦੇ ਹੋਏ, ਪਹਿਲਾਂ ਤੋਂ ਘੋਸ਼ਿਤ ਕੀਤੇ ਗਏ $225 ਮਿਲੀਅਨ ਦੇ ਨਿਵੇਸ਼ਾਂ ਤੇ ਅਗੇ ਕੰਮ ਕਰਦੇ ਹਨ।
- ਘਰਾਂ, ਕਾਰੋਬਾਰਾਂ ਅਤੇ ਭਾਈਚਾਰਿਆਂ ਨੂੰ ਬਰੌਡਬੈਂਡ — ਜੋ ਕੋਵਿਡ-19 ਨੇ ਦਰਸਾਇਆ ਹੈ ਕਿ ਇੱਕ ਜ਼ਰੂਰਤ ਹੈ, ਲਗਜ਼ਰੀ ਨਹੀਂ — ਦੇ ਨਾਲ ਜੋੜਨ ਲਈ ਓਨਟੈਰੀਓ $2.8 ਬਿਲੀਅਨ ਦਾ ਨਿਵੇਸ਼ ਕਰ ਰਿਹਾ ਹੈ, ਸੂਬੇ ਦੇ ਕੁੱਲ ਨਿਵੇਸ਼ ਨੂੰ 2019-20 ਵਿੱਚ ਸ਼ੁਰੂਆਤ ਕਰਕੇ ਛੇ ਸਾਲਾਂ ਵਿੱਚ ਲਗਭਗ $4 ਬਿਲੀਅਨ ਤੱਕ ਲਿਆਉਂਦੇ ਹੋਏ।

**ਭਾਈਚਾਰਿਆਂ ਦੀ ਸਹਾਇਤਾ** ਲਈ ਓਨਟੈਰੀਓ ਦੀ ਪਲਾਨ ਦੇ ਮੁੱਖ ਤੱਥ:

- ਕੋਵਿਡ-19 ਦੇ ਨਤੀਜੇ ਵਜੋਂ ਵਾਧੂ ਖਰਚਿਆਂ ਕਰਕੇ ਸੰਘਰਸ਼ ਕਰ ਰਹੇ ਧਰਮ-ਅਧਾਰਤ ਅਤੇ ਸਭਿਆਚਾਰਕ ਸੰਗਠਨਾਂ ਦੀ ਸਹਾਇਤਾ ਕਰਨ ਲਈ, ਓਨਟੈਰੀਓ ਯੋਗ ਸੰਗਠਨਾਂ ਦੇ ਲਈ ਗ੍ਰਾਂਟਾਂ ਵਾਸਤੇ $50 ਮਿਲੀਅਨ ਤੱਕ ਉਪਲਬਧ ਕਰਵਾਏਗਾ।
- ਓਨਟੈਰੀਓ ਦੀਆਂ 444 ਨਗਰਪਾਲਿਕਾਵਾਂ, ਕੋਵਿਡ-19 ਵਿਰੁੱਧ ਲੜਾਈ ਵਿੱਚ ਸੂਬੇ ਦੇ ਮੁੱਖ ਪਾਰਟਰਾਂ, ਦੀ ਸਹਾਇਤਾ ਕਰਨ ਲਈ ਸਰਕਾਰ ਜ਼ਰੂਰੀ ਜਨਤਕ ਸੇਵਾਵਾਂ ਨੂੰ ਬਣਾਈ ਰੱਖਣ ਲਈ ਅਤੇ ਆਰਥਿਕ ਰਿਕਵਰੀ ਦਾ ਸਮਰਥਨ ਕਰਨ ਲਈ 2021 ਵਿੱਚ ਵਾਧੂ ਵਿੱਤੀ ਰਾਹਤ ਵਿੱਚ ਲਗਭਗ $1 ਬਿਲੀਅਨ ਮੁਹੱਈਆ ਕਰ ਰਹੀ ਹੈ।

ਸਾਡੀ ਅਰਥ ਵਿਵਸਥਾ ਦੀ ਰੱਖਿਆ ਕਰਨ ਲਈ ਓਨਟੈਰੀਓ ਦੀ ਪਲਾਨ ਬਾਰੇ ਹੋਰ ਜਾਣੋ।

*ਝਟਪਟ ਤੱਥ*

- ਦੁਨੀਆਂ ਭਰ ਦੀਆਂ ਅਰਥ ਵਿਵਸਥਾਵਾਂ ਦੀ ਤਰ੍ਹਾਂ, ਓਨਟੈਰੀਓ ਕੋਵਿਡ-19 ਮਹਾਮਾਰੀ ਦੁਆਰਾ ਮਹੱਤਵਪੂਰਨ ਢੰਗ ਨਾਲ ਪ੍ਰਭਾਵਿਤ ਹੋਇਆ ਹੈ। ਸੂਬੇ ਦੇ ਅਸਲ ਕੁੱਲ ਘਰੇਲੂ ਉਤਪਾਦ (gross domestic product - GDP) ਵਿੱਚ 2020 ਵਿੱਚ ਅਨੁਮਾਨਿਤ 5.7 ਪ੍ਰਤੀਸ਼ਤ ਦੀ ਗਿਰਾਵਟ ਹੋਈ ਹੈ। ਜਿਵੇਂ ਅਰਥ ਵਿਵਸਥਾ ਰਿਕਵਰ ਕਰਦੀ ਹੈ, ਓਨਟੈਰੀਓ ਦੇ ਅਸਲ ਜੀਡੀਪੀ ਅਤੇ ਰੋਜ਼ਗਾਰ ਦੋਵਾਂ ਦੀ 2022 ਦੀ ਸ਼ੁਰੂਆਤ ਵਿੱਚ ਉਨ੍ਹਾਂ ਦੇ ਮਹਾਮਰੀ ਤੋਂ ਪਹਿਲਾਂ ਦੇ ਪੱਧਰਾਂ ਨੂੰ ਪਾਰ ਕਰ ਜਾਣ ਦਾ ਪੂਰਵ ਅਨੁਮਾਨ ਹੈ।
- ਓਨਟੈਰੀਓ 2020-21 ਵਿੱਚ $38.5 ਬਿਲੀਅਨ ਦੇ ਘਾਟੇ ਦਾ ਅਨੁਮਾਨ ਲਗਾ ਰਿਹਾ ਹੈ। ਦਰਮਿਆਨੀ ਮਿਆਦ ਵਿੱਚ, ਸਰਕਾਰ 2021-22 ਵਿੱਚ $33.1 ਬਿਲੀਅਨ, 2022-23 ਵਿੱਚ $27.7 ਬਿਲੀਅਨ ਅਤੇ 2023-24 ਵਿੱਚ $20.2 ਬਿਲੀਅਨ ਦੇ ਲਗਾਤਾਰ ਘੱਟਦੇ ਘਾਟਿਆਂ ਦਾ ਅਨੁਮਾਨ ਲਗਾ ਰਹੀ ਹੈ।
- ਆਰਥਿਕ ਅਨਿਸ਼ਚਿਤਤਾ ਦੀ ਉੱਚ ਡਿਗਰੀ ਬਾਰੇ ਪਾਰਦਰਸ਼ਤਾ ਮੁਹੱਈਆ ਕਰਨ ਲਈ, *2021 Budget* ਤੇਜ਼ ਵਾਧੇ ਅਤੇ ਹੌਲੀ ਵਾਧੇ ਦੇ ਦ੍ਰਿਸ਼ ਸ਼ਾਮਲ ਕਰਦਾ ਹੈ ਜਿਹੜੇ ਅਰਥ ਵਿਵਸਥਾ ਅਗਲੇ ਕਈ ਸਾਲਾਂ ਵਿੱਚ ਲੈ ਸਕਦੀ ਹੈ ਅਤੇ ਓਨਟੈਰੀਓ ਦੇ ਵਿੱਤ ਤੇ ਸੰਭਵ ਪ੍ਰਭਾਵਾਂ ਨੂੰ ਦਰਸਾਉਂਦਾ ਹੈ।

*ਵਾਧੂ ਸਾਧਨ*

2021 Budget - ਓਨਟੈਰੀਓ ਦੀ ਐਕਸ਼ਨ ਪਲਾਨ: ਲੋਕਾਂ ਦੀ ਸਿਹਤ ਅਤੇ ਸਾਡੀ ਅਰਥ ਵਿਵਸਥਾ ਦੀ ਰੱਖਿਆ ਕਰਨਾ

ਓਨਟੈਰੀਓ ਦੀ ਐਕਸ਼ਨ ਪਲਾਨ ਦੇ ਮੁੱਖ ਤੱਥ ਪੜ੍ਹੋ:ਲੋਕਾਂ ਦੀ ਸਿਹਤ ਅਤੇ ਸਾਡੀ ਅਰਥ ਵਿਵਸਥਾ ਦੀ ਰੱਖਿਆ ਕਰਨਾ

ਲੋਕਾਂ ਦੀ ਸਿਹਤ ਦੀ ਰੱਖਿਆ ਕਰਨਾ

ਸਾਡੀ ਅਰਥ ਵਿਵਸਥਾ ਦੀ ਰੱਖਿਆ ਕਰਨਾ

ਆਰਥਿਕ ਅਤੇ ਵਿੱਤੀ ਸਾਰ

ਵਿਧਾਨ ਸਭਾ ਨੂੰ ਮੰਤਰੀ ਦਾ ਬਿਆਨ ਪੜ੍ਹੋ

2020 ਓਨਟੈਰੀਓ ਬਜਟ - ਓਨਟੈਰੀਓ ਦੀ ਐਕਸ਼ਨ ਪਲਾਨ:ਰੱਖਿਆ ਕਰੋ, ਸਹਾਇਤਾ ਕਰੋ, ਮੁੜ ਪ੍ਰਾਪਤ ਕਰੋ